**CLASS : 12th (Sr. Secondary)** **Code No. 1206**

**Series : SS/Annual Exam.-2024**

ਰੋਲ ਨੰ. | | | | | | | | | | |

***SET : C***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **8** ਅਤੇ ਪ੍ਰਸ਼ਨ **19** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ : 5

(ੳ) ਸ਼ੇਖ ਫਰੀਦ ਜੀ

(ਅ) ਸ਼ਾਹ-ਮੁਹੰਮਦ

(ੲ) ਸ਼੍ਰੀ ਗੁਰੂ ਅਰਜਨ ਦੇਵ ਜੀ

**2.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਉੱਤੇ ਕਹਾਣੀ ਲਿਖੋ : 5

(ੳ) ਈਮਾਨਦਾਰੀ ਚੰਗੀ ਨੀਤੀ ਹੈ

(ਅ) ਏਕੇ ਵਿਚ ਬਰਕਤ

(ੲ) ਅੰਤ ਭਲੇ ਦਾ ਭਲਾ

**3.** ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਲਿਖੋ : 5

ਮਨੁੱਖ ਲਈ ਸਮੇਂ ਦੀ ਕਦਰ ਕਰਨਾ ਜਾਂ ਸਮੇਂ ਦਾ ਪਾਬੰਦ ਹੋਣਾ ਬਹੁਤ ਜ਼ਰੂਰੀ ਹੈ। ਸਮਾਂ ਬਹੁਤ ਕੀਮਤੀ ਹੁੰਦਾ ਹੈ। ਇਹ ਨਿਰੰਤਰ ਚਲਦਾ ਰਹਿੰਦਾ ਹੈ ਅਤੇ ਗਤੀਸ਼ੀਲ ਹੈ। ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਜਿਹੜਾ ਸਮਾਂ ਇਕ ਵਾਰੀ ਬੀਤ ਜਾਂਦਾ ਹੈ ਉਹ ਮੁੜਕੇ ਨਹੀਂ ਆਉਂਦਾ। ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਹਰ ਵੱਡੇ ਆਦਮੀ ਦੀ ਸਫਲਤਾ ਦੇ ਪਿੱਛੇ 'ਸਮੇਂ ਦੀ ਕਦਰ' ਕਰਨ ਦਾ ਰਾਜ਼ ਹੈ। ਜਿਸਨੇ ਵੀ ਇਸ ਸਮੇਂ ਨੂੰ ਪਛਾਣਿਆ ਅਤੇ ਕਦਰ ਕੀਤੀ ਉਹ ਫਰਸਾਂ ਤੋਂ ਅਰਸਾਂ ਤਕ ਦੀ ਉਡਾਰੀ ਲਾਉਂਦਾ ਹੈ। ਪਰ ਜੋ ਸਮੇਂ ਦੀ ਬੇਕਦਰੀ ਕਰਦਾ ਹੈ ਉਹ ਅਰਸਾਂ ਤੋਂ ਫਰਸਾਂ ਵਲ ਆਉਂਦਾ ਹੈ। ਕੇਵਲ ਮਨੁੱਖ ਵਲੋਂ ਹੀ ਨਹੀਂ ਸਗੋਂ ਕੁਦਰਤ ਵਲੋਂ ਵੀ ਕੰਮ ਦਾ ਸਮਾਂ ਮੁਕੱਰਰ ਹੈ। ਦਿਨ-ਰਾਤ ਆਪਣੇ ਸਮੇਂ ਅਨੁਸਾਰ ਚਲ ਰਹੇ ਹਨ। ਇਸੇ ਤਰ੍ਹਾਂ ਮਨੁੱਖ ਵਲੋਂ ਵੀ ਸਮੇਂ ਸਿਰ ਕੰਮ ਨਿਪਟਾਉਣ ਲਈ ਹਰ ਖੇਤਰ ਵਿਚ ਸਮਾਂ ਸਾਰਣੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ। ਸਾਨੂੰ ਸਮੇਂ ਨੂੰ ਕਿਸੇ ਵੀ ਤਰੀਕੇ ਨਾਲ ਬਰਬਾਦ ਨਹੀਂ ਕਰਨਾ ਚਾਹੀਦਾ। ਅਸੀਂ ਖਰਚਿਆਂ ਪੈਸਾ ਕਮਾ ਸਕਦੇ ਹਾਂ ਪਰ ਅਸੀਂ ਗਵਾਇਆ ਸਮਾਂ ਵਾਪਸ ਨਹੀਂ ਲੈ ਸਕਦੇ। ਇਸ ਲਈ ਸਮੇਂ ਨੂੰ ਪੈਸੇ ਨਾਲੋਂ ਵਧੇਰੇ ਕੀਮਤੀ ਬਣਾਉਣਾ ਹੈ। ਸਾਨੂੰ ਸਮੇਂ ਦੀ ਵਰਤੋਂ ਆਪਣੇ ਭਲੇ ਦੇ ਨਾਲ-ਨਾਲ ਦੂਜਿਆਂ ਦੇ ਭਲੇ ਲਈ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਇਕ ਨਿਰੋਇਆ ਸਮਾਜ ਸਿਰਜ ਸਕੀਏ।

**4.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋ : 1 × 5 = 5

(i) 'ਕੌਮੀ ਕਵੀ' ਕਿਸ ਨੂੰ ਕਿਹਾ ਜਾਂਦਾ ਹੈ?

(ੳ) ਧਨੀ ਰਾਮ ਚਾਤ੍ਰਿਕ (ਅ) ਸ਼ਾਹ-ਮੁਹੰਮਦ

(ੲ) ਸ਼ਾਹ ਹੁਸੈਨ (ਸ) ਪੂਰਨ ਸਿੰਘ

(ii) ਸ਼ਾਹ-ਹੁਸੈਨ ਨੇ ਕਿੰਨੀਆਂ ਕਾਫੀਆਂ ਲਿਖਿਆਂ?

(ੳ) 166 (ਅ) 164

(ੲ) 162 (ਸ) 168

(iii) ਦਮੋਦਰ ਨੇ ਕਿਹੜਾ ਕਿੱਸਾ ਲਿਖਿਆ?

(ੳ) ਹੀਰ-ਰਾਂਝਾ (ਅ) ਸੋਹਣੀ-ਮਹੀਵਾਲ

(ੲ) ਸੱਸੀ-ਪੁੰਨੂ (ਸ) ਮਿਰਜਾ-ਸਾਹਿਬਾਂ

(iv) ਗੁਰਮਤਿ ਕਾਵਿ ਦਾ ਮੋਢੀ ਕੌਣ ਹੈ :

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਰਾਮਦਾਸ ਜੀ

(ੲ) ਗੁਰੂ ਨਾਨਕ ਦੇਵ ਜੀ (ਸ) ਗੁਰੂ ਅਮਰਦਾਸ ਜੀ

(v) ਬੁੱਲ੍ਹੇ ਸ਼ਾਹ ਦਾ ਜਨਮ ਕਦੋਂ ਹੋਇਆ :

(ੳ) 1660 (ਅ) 1670

(ੲ) 1680 (ਸ) 1690

**5.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋਂ : 1 × 5 = 5

(i) ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਿਹੜਾ ਨਗਰ ਵਸਾਇਆ?

(ੳ) ਲਾਹੌਰ (ਅ) ਅੰਮ੍ਰਿਤਸਰ

(ੲ) ਪ੍ਰੀਤਨਗਰ (ਸ) ਜਲੰਧਰ

(ii) 'ਲੂਣਾ' ਕਵਿਤਾ ਕਿਸ ਕਵੀ ਦੀ ਹੈ?

(ੳ) ਅੰਮ੍ਰਿਤਾ ਪ੍ਰੀਤਮ (ਅ) ਸ਼ਿਵ ਕੁਮਾਰ ਬਟਾਲਵੀ

(ੲ) ਸੁਰਜੀਤ ਪਾਤਰ (ਸ) ਜਗਤਾਰ

(iii) ਅੰਮ੍ਰਿਤਾ-ਪ੍ਰੀਤਮ ਦੇ ਕਿਸ ਕਾਵਿ-ਸੰਗ੍ਰਹਿ ਨੂੰ ਗਿਆਨ ਪੀਠ ਪੁਰਸਕਾਰ ਮਿਲਿਆ?

(ੳ) ਸਰਘੀ ਵੇਲਾ (ਅ) ਸੁਨੇਹੜੇ

(ੲ) ਅੰਮ੍ਰਿਤਾ ਲਹਿਰਾਂ (ਸ) ਕਾਗਜ਼ ਤੇ ਕੈਨਵਸ

(iv) ਨਿੱਕਿਆਂ ਕਵਿਤਾਵਾਂ ਦਾ ਵੱਡਾ ਕਵੀ ਕਿਸਨੂੰ ਕਿਹਾ ਜਾਂਦਾ ਹੈ?

(ੳ) ਪੂਰਨ ਸਿੰਘ (ਅ) ਭਾਈ ਵੀਰ ਸਿੰਘ

(ੲ) ਮੋਹਨ ਸਿੰਘ (ਸ) ਅੰਮ੍ਰਿਤਾ ਪ੍ਰੀਤਮ

(v) 'ਨਨਕਾਇਣ' ਮਹਾਂ-ਕਾਵਿ ਕਿਸਦਾ ਲਿਖਿਆ ਹੈ?

(ੳ) ਪ੍ਰੋ. ਪੂਰਨ ਸਿੰਘ (ਅ) ਧਨੀਰਾਮ ਚਾਤ੍ਰਿਕ

(ੲ) ਸੁਰਜੀਤ ਪਾਤਰ (ਸ) ਪ੍ਰੋ. ਮੋਹਨ ਸਿੰਘ

**6.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $1 \times 5 = 5$

(i) ਡਾ. ਹਰਚਰਨ ਸਿੰਘ ਦਾ ਜਨਮ ਕਦੋਂ ਹੋਇਆ?

(ii) ਪੰਜਾਬੀ ਰੰਗਮੰਚ ਦਾ ਪਿਤਾਮਾ ਕੌਣ ਹੈ?

(iii) ਅਜੀਤ ਕੌਰ ਦਾ ਜਨਮ ਕਦੋਂ ਹੋਇਆ?

(iv) ਪ੍ਰਿ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਲਿਖੋ।

(v) ਖੁੱਲ੍ਹੀ ਕਵਿਤਾ ਲਿਖਣ ਦਾ ਮੋਢੀ ਕਵੀ ਕੌਣ ਹੈ?

**ਭਾਗ – (ਅ)**

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ***ਇਕ ਸ਼ਬਦ*** ਵਿਚ ਲਿਖੋ : $1 \times 3 = 3$

(i) 'ਟੁਕੜੀ ਜਗ ਤੋਂ ਨਯਾਰੀ' ਕਿਸਨੂੰ ਕਿਹਾ ਗਿਆ ਹੈ ?

(ii) 'ਜੰਗਲ ਦੇ ਵਿਚ ਰਾਤ ਪਈ ਹੈ' ਕਵਿਤਾ ਕਿਸ ਦੀ ਹੈ ?

(iii) 'ਦਾਗ' ਕਵਿਤਾ ਵਿਚ ਦਾਗ ਕਿਸਨੂੰ ਕਿਹਾ ਗਿਆ ਹੈ ?

**8.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋ : $1 \times 3 = 3$

(i) 'ਸਾਂਤੀ ਦੇਵੀ' ਸ਼ੋਭਾ ਦੀ ਕੀ ਲਗਦੀ ਹੈ ?

(ੳ) ਮਾਂ (ਅ) ਨੂੰਹ

(ੲ) ਭੈਣ (ਸ) ਸੱਸ

(ii) 'ਸ਼ੋਭਾ-ਸ਼ਕਤੀ' ਨਾਟਕ ਵਿਚ ਕਿੰਨ੍ਹੇ ਨਾਟ ਹਨ ?

(ੳ) ਇਕ (ਅ) ਦੋ

(ੲ) ਤਿੰਨ (ਸ) ਚਾਰ

(iii) 'ਸ਼ੋਭਾ' ਦੂਜੇ ਨਾਟ ਵਿਚ ਕਿਹੜੇ ਰੂਪ ਵਿਚ ਪੇਸ਼ ਹੋਈ ਹੈ ?

(ੳ) ਪਤਨੀ (ਅ) ਧੀ

(ੲ) ਸੱਸ (ਸ) ਭੈਣ

**9.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $1 \times 3 = 3$

(i) 'ਸਭਿਅਤਾ ਦੇ ਦੋ ਪੱਧਰ' ਨਿਬੰਧ ਕਿਸਦੀ ਰਚਨਾ ਹੈ ?

(ii) 'ਮਲਕ ਭਾਗੋ ਤੇ ਭਾਈ ਲਾਲੋ' ਲੇਖ ਵਿਚ ਕੀ ਉਪਦੇਸ਼ ਦਿਤਾ ਗਿਆ ?

(iii) ਵੈਦਰ ਕਰਾਫਟ ਕਿਥੋਂ ਦਾ ਰਹਿਣ ਵਾਲਾ ਸੀ ?

**10.** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) 'ਲੂਣਾਂ' ਕਵਿਤਾ ਵਿਚ ਲੂਣਾਂ ਆਪਣੇ ਆਪ ਨੂੰ ਬਦਕਿਸਮਤ ਕਿਉਂ ਸਮਝਦੀ ਹੈ?

(ii) 'ਖਤਾਂ ਦੀ ਉਡੀਕ' ਕਵਿਤਾ ਵਿਚ ਕਾਵਿ-ਨਾਇਕ ਕਿਸ-ਕਿਸ ਦੇ ਖਤਾਂ ਦੀ ਉਡੀਕ ਕਰਦਾ ਹੈ?

(iii) 'ਚਸ਼ਮਾ ਇੱਛਾਬਲ 'ਤੇ ਡੂੰਘੀਆਂ ਸ਼ਾਮਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।

**11.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) 'ਸ਼ੋਭਾ-ਸ਼ਕਤੀ' ਨਾਟਕ ਰਾਹੀਂ ਸਾਨੂੰ ਕੀ ਸੰਦੇਸ਼ ਦਿਤਾ ਗਿਆ ਹੈ?

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਨਾਟ ਦੀ ਪ੍ਰਮੁੱਖ ਘਟਨਾ ਬਿਆਨ ਕਰੋ।

(ii) ਸ਼ੋਭਾ ਦਾ ਪਾਤਰ ਚਿਤਰਨ ਕਰੋ।

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦਾ ਵਿਸ਼ਾ ਕੀ ਹੈ?

**12.** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) ਪਿਆਰ ਵਿਚ ਕਿਹੜੇ-ਕਿਹੜੇ ਗੁਣ ਸਮੋਏ ਰਹਿੰਦੇ ਹਨ?

(ii) 'ਸ਼ੀਸ਼ੇ-ਸਾਹਮਣੇ' ਲੇਖ ਵਿਚ ਲੇਖਕ ਕਿਥੇ ਜਾਣ ਤੋਂ ਘਬਰਾਂਉਂਦਾ ਹੈ?

(iii) ਬੀਬੀ ਭਾਨੀ ਅਤੇ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਹਨ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿਚ ਲਿਖੋ : 3

'ਬਿਨਫ਼ਸ਼ਾਂ ਦਾ ਫੁੱਲ' ਕਵਿਤਾ ਵਿਚ ਤੁਹਾਨੂੰ ਕੀ ਸਿਖਿਆ ਮਿਲਦੀ ਹੈ?

**ਜਾਂ**

'ਆਪਣਾ-ਆਪਣਾ ਸੂਰਜ' ਕਵਿਤਾ ਵਿਚ ਸੂਰਜ ਦੇ ਕਿਹੜੇ-ਕਿਹੜੇ ਪ੍ਰਕਾਰ ਦਰਸਾਏ ਗਏ ਹਨ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿਚ ਲਿਖੋ : 3

ਨਾਟਕ ਵਿਚ ਸ਼ੋਭਾ ਇਸਤਰੀ ਦੇ ਕਿਹੜੇ-ਕਿਹੜੇ ਰੂਪ ਵਿਚ ਸਾਹਮਣੇ ਆਈ ਹੈ ?

**ਜਾਂ**

ਦੀਨ ਦਿਆਲ ਕੌਣ ਹੈ ? ਰਮੇਸ਼ ਅਤੇ ਸ਼ੋਭਾ ਉਸਦੇ ਕੀ ਲਗਦੇ ਹਨ ?

**15.** ਕਿਸੇ ਇਕ ਪ੍ਰਸ਼ਨ ਦਾ ਉੱਤਰ **20-25** ਸ਼ਬਦਾਂ ਵਿਚ ਲਿਖੋ : 3

ਏਵੀਆਂ ਦੇ ਚਸ਼ਮੇ ਬਾਰੇ ਤੁਸੀਂ ਕੀ ਜਾਣਦੇ ਹੋ ?

**ਜਾਂ**

'ਠਾਣੇਦਾਰੀ' ਲੇਖ ਦਾ ਉਦੇਸ਼ ਕੀ ਹੈ ?

**16.** ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

(ੳ) ਮੈ ਕੰਡਿਆਲੀ ਥੋਰ੍ਹ ਵੇ ਸੱਜਣਾਂ। ਉੱਗੀ ਵਿਚ ਜੋ ਬੇਲੇ।
ਨਾ ਕੋਈ ਮੇਰੀ ਛਾਂਵੇ ਬੈਠੇ, ਨਾ ਪੱਤ ਖਾਵਣ ਲੇਲੇ।
ਮੈ ਰਾਜੇ ਦੀ ਬਰਦੀ ਅੜਿਆ, ਤੂੰ ਰਾਜੇ ਦਾ ਜਾਇਆ
ਤੁਹੀਉਂ ਦੱਸ ਵੇ ਮੋਹਰਾਂ ਸਾਹਵੇਂ, ਮੁੱਲ ਕੀ ਖੋਵਨ ਧੇਲੇ ?

(ਅ) ਸੁਹਣੀ ਨੇ ਅਸਮਾਨ ਖੜੋਕੇ, ਧਰਤੀ ਵਲ ਤਕਾਕੇ,
ਇਹ ਮੁੱਠੀ ਖੁਹਲੀ ਤੇ ਸੁੱਟਿਆ ਸਭ ਕੁਛ ਹੇਠ ਤਕਾਕੇ।
ਜਿਸ ਥਾਂਵੇ ਧਰਤੀ ਤੇ ਆਕੇ ਇਹ ਮੁੱਠ ਡਿੱਗੀਸਾਰੀ,
ਉਸ ਥਾਂਉ 'ਕਸ਼ਮੀਰ' ਬਣ ਗਿਆ ਟੁਕੜੀ ਜੱਗ ਤੋਂ ਨਯਾਰੀ।

**17.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 5

(ੳ) ਚਿੜੀਆਂ ਦਾ ਚੰਬਾ

(ਅ) ਰਾਧਾ ਸੰਦੇਸ਼

(ੲ) ਤਾਜਮਹੱਲ

**18.** ਹੇਠ ਲਿਖਿਆਂ ਪ੍ਰਸ਼ਨਾਂ ਵਿਚੋਂ ਕਿਸੇ ***ਇਕ*** ਦਾ ਉੱਤਰ **40-50** ਸ਼ਬਦਾਂ ਵਿੱਚ ਲਿਖੋ : 5

'ਸ਼ੋਭਾ-ਸ਼ਕਤੀ' ਨਾਟਕ ਦੇ ਤੀਜੇ ਨਾਟ ਦਾ ਸਾਰ ਲਿਖੋ।

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਲਿਖੋ।

**19.** ਹੇਠ ਲਿਖੇ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 5

(ੳ) ਸਾਡੇ ਲੋਕ-ਗੀਤ

(ਅ) ਕੌਮ ਲਈ ਕੁਰਬਾਨੀ

(ੲ) ਮਲਕ ਭਾਗੋ ਤੇ ਭਾਈ ਲਾਲੋ